Australian Government
Department of Social Services

# ਘਰੇਲੂ ਅਤੇ ਪਰਿਵਾਰਿਕ ਹਿੰਸਾ



DSS1828.02.16

ਹਰ ਕੋਈ ਚਾਹੁੰਦਾ ਹੈ ਕਿ ਉਹਨਾਂ ਦਾ ਪਰਿਵਾਰ ਖੁਸ਼ਹਾਲ, ਸਿਹਤਮੰਦ ਅਤੇ ਸੁਰੱਖਿਅਤ ਰਹੇ।



ਸਾਨੂੰ ਸਾਰਿਆਂ ਨੂੰ ਇਹ ਹੱਕ ਹੈ ਕਿ ਆਪਣੇ ਘਰ ਅਤੇ ਆਪਣੇ ਸਮਾਜ ਵਿੱਚ ਹਿੰਸਾ ਮੁਕਤ ਹੋ ਕੇ ਰਿਹ ਸਕਿਏ।



ਔਸਟਰੇਲਿਆ ਵਿੱਚ ਔਰਤਾਂ ਅਤੇ ਮਰਦਾਂ ਦੇ ਹੱਕ ਇੱਕਸਮਾਨ ਹਨ।




ਪਰਿਵਾਰਿਕ ਹਿੰਸਾ, ਯੌਨ ਉਤਪੀੜਨ ਅਤੇ ਜ਼ਬਰਦਸਤੀ ਵਿਆਹ ਕਰਵਉਣਾ, ਔਸਟਰੇਲਿਆ ਵਿੱਚ ਇਹ ਸਭ ਅਪਰਾਧ ਹਨ, ਭਾਵੇਂ ਇਹ ਘਰ ਦੇ ਅੰਦਰ ਹੀ ਕਿਓਂ ਨਾ ਕੀਤੇ ਜਾਣ। ਸਿਰਫ ਹੱਥ ਚੁੱਕਣਾ ਹੀ ਪਰਿਵਾਰਿਕ ਹਿੰਸਾ ਨਹੀਂ ਹੈ। ਹਮਲਾਵਰ ਤਰੀਕੇ ਨਾਲ ਚੀਕਣਾ, ਬੱਚਿਆਂ ਨੂੰ ਡਰਾਉਣਾ, ਪਰਿਵਾਰਿਕ ਪੈਸੇ ਨੂੰ ਆਪਣੇ ਵੱਸ ਵਿੱਚ ਰੱਖਣਾ ਜਾਂ ਆਪਣੇ ਜੋੜੀਦਾਰ ਨੂੰ ਮਿੱਤਰ ਸੰਬੰਧੀਆਂ ਜਾਂ ਪਰਿਵਾਰ ਦੇ ਜੀਆਂ ਨੂੰ ਮਿਲਣ ਤੋਂ ਰੋਕਣਾ ਵੀ ਪਰਿਵਾਰਿਕ ਹਿੰਸਾ ਹੈ।



ਔਸਟਰੇਲਿਆ ਵਿੱਚ ਪੁਲਿਸ ਤੁਹਾਡੀ ਰਖਵਾਲੀ ਕਰਦੀ ਹੈ ਅਤੇ ਤੁਸੀਂ ਉਨ੍ਹਾਂ ਤੇ ਵਿਸ਼ਵਾਸ ਕਰ ਸਕਦੇ ਹੋ।ਜੇਕਰ ਤੁਸੀਂ ਜਾਂ ਕੋਈ ਐਸਾ ਵਿਅਕਤੀ ਜਿਸਨੂੰ ਤੁਸੀਂ ਜਾਣਦੇ ਹੋ ਮੌਜੂਦਾ ਖਤਰੇ ਵਿੱਚ ਹੈ ਤਾਂ ਪੁਲਿਸ ਨਾਲ ਗੱਲ ਕਰੋ ਜਾਂ ਉਨ੍ਹਾਂ ਨਾਲ **000** ਤੇ ਸੰਪਰਕ ਕਰੋ।




ਔਸਟਰੇਲਿਆ ਵਿੱਚ ਸਭਿਆਚਾਰ ਸੰਬੰਧੀ ਸੰਵੇਦਨਸ਼ੀਲ ਮਸਲਿਆਂ ਦੀਆਂ ਜਾਣੂ ਸੇਵਾਵਾਂ ਹਨ ਜੋ ਕਿ ਤੁਹਾਨੂੰ ਸੁਰੱਖਿਅਤ ਅਤੇ ਖੁਸ਼ਹਾਲ ਬਨਾਉਣ ਵਿੱਚ ਤੁਹਾਡੀ ਮਦਦ ਕਰ ਸਕਦੀਆਂ ਹਨ।




ਤੁਸੀਂ ਇਨ੍ਹਾਂ ਮਾਮਲਿਆਂ ਬਾਰੇ ਮਦਦ ਲੈ ਸਕਦੇ ਹੋ:

- ਘਰੇਲੂ ਅਤੇ ਪਰਿਵਾਰਿਕ ਹਿੰਸਾ
- ਯੌਨ ਉਤਪੀੜਨ
- ਵਿਆਹ ਸ਼ਾਦੀ ਲਈ ਕੀਤੀ ਜਾ ਰਹੀ
- ਜ਼ਬਰਦਸਤੀ
- ਬੱਚਿਆਂ ਨਾਲ ਦੁਰ ਵਿਵਹਾਰ
- ਜ਼ਬਾਨੀ ਬਦਸਲੂਕੀ




ਜੇ ਤੁਸੀਂ ਖਤਰੇ ‘ਚ ਹੋ ਤਾਂ ਪੁਲਿਸ ਨੂੰ **000** ਤੇ ਸੰਪਰਕ ਕਰੋ।

ਜੇ ਤੁਹਾਨੂੰ ਗੁਪਤ ਤੌਰ ਤੇ ਸਲਾਹ-ਮਸ਼ਵਰਾ ਅਤੇ ਜਾਣਕਾਰੀ ਦੀ ਲੋੜ ਹੈ ਤਾਂ **1800 RESPECT** ਨਾਲ **1800 737 732** ਤੇ ਮੁਫਤ ਵਿੱਚ ਗੱਲ ਕਰੋ।
ਜਾਂ ਉਹਨਾਂ ਦੀ ਵੈਬਸਾਇਟ: **www.1800RESPECT.org.au** ਤੇ ਜਾਓ।

ਜੇ ਤੁਹਾਡੇ ਉੱਤੇ ਵਿਆਹ ਕਰਣ ਲਈ ਜ਼ਬਰਦਸਤੀ ਹੋਣ ਦਾ ਖਤਰਾ ਹੈ ਤਾਂ ਔਸਟਰੇਲਿਅਨ ਫੈਡਰਲ ਪੁਲਿਸ **(Australian Federal Police)** ਨੂੰ **131 237** ਤੇ ਸੰਪਰਕ ਕਰੋ।

ਜੇ ਤੁਹਾਨੂੰ ਦੁਭਾਸ਼ਿਏ ਦੀ ਲੋੜ ਹੈ ਤਾਂ ਅਨੁਵਾਦ ਅਤੇ ਦੁਭਾਸ਼ਿਆ ਸੇਵਾ **(Translating and Interpreting Service)** ਨਾਲ **131 450** ਤੇ ਮੁਫਤ ਵਿੱਚ ਗੱਲ ਕਰੋ।

(C) CALDWorld M: 0419525119